# 2022-23 ਹਾੜ੍ਹੀ ਮੰਡੀਕਰਨ ਮੌਸਮ ਵਿੱਚ ਤੋਰੀਆ-ਸਰ੍ਹੋਂ ਦੇ ਔਸਤ ਬਾਜ਼ਾਰ ਭਾਅ ਐਮ ਐਸ ਪੀ ਨਾਲੋਂ 28% ਵੱਧ

ਖੇਤੀ ਲਾਗਤਾਂ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਨੇ ਕਿਹਾ ਹੈ ਕਿ ਭਾਰਤ ਵਿੱਚ ਤੋਰੀਆਂ-ਸਰ੍ਹੋਂ ਦੇ ਔਸਤ ਬਾਜ਼ਾਰ ਬਾਅ ਮੌਜੂਦਾ ਮੌਸਮ — 2022-23 ਹਾੜ੍ਹੀ ਮੰਡੀਕਰਨ ਮੌਸਮ — ਦੌਰਾਨ ਘੱਟੋ ਘੱਟ ਸਮਰਥਨ ਮੁੱਲ (ਐਮ ਐਸ ਪੀ) ਨਾਲੋਂ 28% ਵੱਧ ਰਹੇ ਹਨ। ਆਪਣੀ 'ਹਾੜ੍ਹੀ ਫਸਲਾਂ ਲਈ ਮੁੱਲ ਨੀਤੀ: ਮੰਡੀਕਰਨ ਮੌਸਮ 2023-24' ਵਿੱਚ, ਸੀ ਏ ਸੀ ਪੀ ਨੇ ਜ਼ਿਕਰ ਕੀਤਾ ਹੈ ਕਿ 2022-23 ਹਾੜ੍ਹੀ ਮੰਡੀਕਰਨ ਮੌਸਮ ਲਈ, ਔਸਤ ਬਾਜ਼ਾਰ ਭਾਅ 6,548 ਰੁਪਏ ਪ੍ਰਤੀ ਕੁਇੰਟਲ ਦੱਸਿਆ ਗਿਆ ਹੈ ਜਿਹੜਾ ਕਿ ਘੱਟੋ-ਘੱਟ ਸਮਰਥਨ ਮੁੱਲ 5,050 ਰੁਪਏ ਪ੍ਰਤੀ ਕੁਇੰਟਲ ਦੇ ਮੁਕਾਬਲੇ ਕਰੀਬ 28.4% ਵੱਧ ਹੈ।

ਕਮਿਸ਼ਨ ਨੇ ਕਿਹਾ ਕਿ 2020-21 ਹਾੜ੍ਹੀ ਮੰਡੀਕਰਨ ਮੌਸਮ ਤੱਕ ਤੋਰੀਆ-ਸਰ੍ਹੋਂ ਦੀਆਂ ਔਸਤ ਬਾਜ਼ਾਰ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਹੇਠਾਂ ਰਹੀਆਂ। ਹਾਲਾਂਕਿ ਬਾਅਦ ਵਿੱਚ ਬਾਜ਼ਾਰ ਦੀਆਂ ਕੀਮਤਾਂ ਉੱਚੀਆਂ ਦਰਜ ਕੀਤੀਆਂ ਗਈਆਂ।

2020-21 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ ਬਜ਼ਾਰ ਭਾਅ ਅਤੇ ਐਮ ਐਸ ਪੀ ਵਿਚਕਾਰ ਫ਼ਰਕ ਘਟ ਕੇ -9.2% ਹੋ ਗਿਆ, ਕਿਉਂਕਿ ਇਸ ਮਿਆਦ ਵਿੱਚ ਬਜ਼ਾਰ ਦੀਆਂ ਕੀਮਤਾਂ ਵਿੱਚ ਕਾਫ਼ੀ ਵਾਧਾ ਹੋਇਆ। 2021-22 ਹਾੜ੍ਹੀ ਮੰਡੀਕਰਨ ਮੌਸਮ ਵਿੱਚ, ਐਮ ਐਸ ਪੀ (4,650 ਰੁਪਏ ਪ੍ਰਤੀ ਕੁਇੰਟਲ) ਦੇ ਮੁਕਾਬਲੇ ਬਜ਼ਾਰ ਦੀਆਂ ਔਸਤ ਕੀਮਤਾਂ 6,483 ਰੁਪਏ ਪ੍ਰਤੀ ਕੁਇੰਟਲ ਦੇ ਰਿਕਾਰਡ ਉੱਚੇ ਪੱਧਰ 'ਤੇ ਪਹੁੰਚ ਗਈਆਂ, ਜਿਹੜਾ ਕਿ ਸਮਰਥਨ ਮੁੱਲ ਤੋਂ ਕਰੀਬ 28.2% ਵੱਧ ਹੈ।

2022-23 ਹਾੜ੍ਹੀ ਮੰਡੀਕਰਨ ਮੌਸਮ ਦੌਰਾਨ, ਸਾਰੇ ਦਰਜ ਕੀਤੇ ਗਏ ਰਾਜਾਂ ਵਿੱਚ ਤੋਰੀਆ-ਸਰ੍ਹੋਂ ਦੇ ਮੰਡੀ ਭਾਅ 18 ਮਾਰਚ, 2022 ਨੂੰ ਛੱਡ ਕੇ — ਜਦੋਂ ਉੱਤਰ ਪ੍ਰਦੇਸ਼ ਵਿੱਚ ਇਸ ਦੀਆਂ ਕੀਮਤਾਂ ਵਿੱਚ ਗਿਰਾਵਟ ਆਈ — ਐਮ ਐਸ ਪੀ ਤੋਂ ਉੱਪਰ ਰਹੇ।

2022-23 ਹਾੜ੍ਹੀ ਮੰਡੀਕਰਨ ਮੌਸਮ ਲਈ ਬਜ਼ਾਰ ਦੀ ਕੀਮਤ ਅਤੇ ਐਮ ਐਸ ਪੀ ਵਿਚਕਾਰ ਔਸਤ ਅੰਤਰ ਰਾਜਸਥਾਨ ਅਤੇ ਹਰਿਆਣਾ ਵਿੱਚ ਲਗਭਗ 27.9% ਸੀ, ਜਦੋਂ ਕਿ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਇਹ ਕ੍ਰਮਵਾਰ 24.9% ਅਤੇ 25.7% ਸੀ।

**2022-23 ਹਾੜ੍ਹੀ ਮੰਡੀਕਰਨ ਮੌਸਮ (ਮਾਰਚ-ਜੂਨ 2023) ਦੌਰਾਨ ਪ੍ਰਮੁੱਖ ਉਤਪਾਦਕ ਰਾਜਾਂ ਵਿੱਚ ਤੋਰੀਆ ਅਤੇ ਸਰ੍ਹੋਂ ਦੇ ਐਮ ਐਸ ਪੀ ਦੇ ਮੁਕਾਬਲੇ ਬਾਜ਼ਾਰ ਭਾਅ**

| **ਰਾਜ** | **ਰਿਪੋਰਟ ਕੀਤੇ ਬਾਜ਼ਾਰ ਭਾਅ ਦੇ ਦਿਨਾਂ ਦੀ ਗਿਣਤੀ** | **ਐਮ ਐਸ ਪੀ ਤੋਂ ਉੱਪਰ ਜਾਂ ਇਸਦੇ ਬਰਾਬਰ ਬਾਜ਼ਾਰ ਭਾਅ ਦੇ ਦਿਨਾਂ ਦੀ ਗਿਣਤੀ** | **ਬਾਜ਼ਾਰ ਭਾਅ ਅਤੇ ਐਮ ਐਸ ਪੀ ਦੇ ਵਿੱਚ ਔਸਤ ਅੰਤਰ (ਫ਼ੀਸਦੀ ਵਿੱਚ)** |
|---|---|---|---|
| ਹਰਿਆਣਾ | 115 | 115 | 27.9 |
| ਰਾਜਸਥਾਨ | 117 | 117 | 24.9 |
| ਮੱਧ ਪ੍ਰਦੇਸ਼ | 118 | 118 | 27.9 |
| ਉੱਤਰ ਪ੍ਰਦੇਸ਼ | 118 | 117 | 25.7 |

***ਸ੍ਰੋਤ:*** *1) ਐਗਮਾਰਕਨੈਟ, ਮੰਡੀਕਰਨ ਅਤੇ ਨਿਰੀਖਣ ਡਾਇਰੈਕਟੋਰੇਟ, ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ; 2) ਅਰਥਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ, ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ*

**2023-24 ਹਾੜ੍ਹੀ ਮੰਡੀਕਰਨ ਮੌਸਮ ਦਾ ਘੱਟੋ ਘੱਟ ਸਮਰਥਨ ਮੁੱਲ**

| **ਫ਼ਸਲ** | **2023-24 (ਰੁਪਏ/ਕੁਇੰਟਲ)** | **2022-23 (ਰੁਪਏ/ਕੁਇੰਟਲ)** | **ਵਾਧਾ (ਰੁਪਏ/ਕੁਇੰਟਲ)** | **ਵਾਧਾ ਫ਼ੀਸਦੀ ਵਿੱਚ** |
|---|---|---|---|---|
| ਤੋਰੀਆ-ਸਰ੍ਹੋਂ | 5,450 | 5,050 | 400 | 7.9% |
| ਕੁਸੰਭਾ | 5,650 | 5,441 | 209 | 3.8% |